# ਤੱਥ ਸ਼ੀਟ: ਔਰਤਾਂ ਵਿਰੁੱਧ ਹੋ ਰਹੀ ਹਿੰਸਾ ਨੂੰ ਅਸੀਂ ਕਿਵੇਂ ਰੋਕਦੇ ਹਾਂ?

ਅਸੀਂ ਸ਼ੁਰੂ ਵਿੱਚ ਹੀ ਔਰਤਾਂ ਵਿਰੁੱਧ ਹਿੰਸਾ ਹੋਣ ਤੋਂ ਪਹਿਲਾਂ ਹੀ ਇਸ ਨੂੰ ਰੋਕਣ ਲਈ ਕਾਰਵਾਈ ਕਰ ਸਕਦੇ ਹਾਂ। ਇਸ ਨੂੰ ਮੁੱਢਲੀ ਰੋਕਥਾਮ ਕਹਿੰਦੇ ਹਨ।

ਸਾਡਾ ਸਭ ਤੋਂ ਪਹਿਲਾਂ ਇਹ ਸਮਝਣਾ ਜ਼ਰੂਰੀ ਹੈ ਕਿ ਔਰਤਾਂ ਵਿਰੁੱਧ ਹਿੰਸਾ ਹੁੰਦੀ ਕਿਉਂ ਹੈ।

ਇਸ ਲਈ ਔਰਤਾਂ ਵਿਰੁੱਧ ਹਿੰਸਾ ਦੇ ਕਿਹੜੇ ਮੁੱਖ ਕਾਰਕ ਹਨ?

- ਆਦਮੀ ਅਤੇ ਔਰਤਾਂ ਵਿੱਚਕਾਰ ਅਸਮਾਨ ਤਾਕਤ।
- ਡਾਢੀਆਂ ਲਿੰਗਕ ਭੂਮਿਕਾਵਾਂ ਅਤੇ ਰੂੜੀਵਾਦ
- ਸਮਾਜਿਕ ਰਵੱਈਏ ਜੋ ਆਦਮੀ ਦੁਆਰਾ ਕੀਤੀ ਹਿੰਸਾ ਨੂੰ ਮਾਫ ਕਰ ਦਿੰਦੇ ਹਨ

## ਆਦਮੀ ਅਤੇ ਔਰਤਾਂ ਵਿੱਚਕਾਰ ਅਸਮਾਨ ਤਾਕਤ

ਆਦਮੀ ਅਤੇ ਔਰਤਾਂ ਕੋਲ ਤਾਕਤ ਅਤੇ ਪ੍ਰਤਿਸ਼ਠਾ ਬਰਾਬਰ ਨਹੀਂ ਹੈ । ਅਕਸਰ ਆਦਮੀਆਂ ਕੋਲ ਜਨਤਕ ਅਤੇ ਨਿੱਜੀ ਜੀਵਨ ਵਿੱਚ ਜ਼ਿਆਦਾ ਤਾਕਤ ਹੁੰਦੀ ਹੈ। ਮਿਸਾਲ ਵਜੋਂ, ਆਦਮੀਆਂ ਨੂੰ ਰਾਜਨੀਤੀ, ਕਾਰੋਬਾਰ ਅਤੇ ਧਰਮ ਵਿੱਚ ਅਹੁਦਾ ਪ੍ਰਾਪਤ ਕਰਨ ਦੀ ਜ਼ਿਆਦਾ ਸੰਭਾਵਨਾ ਹੁੰਦੀ ਹੈ। ਉਨ੍ਹਾਂ ਦੀ ਉਨ੍ਹਾਂ ਦੇ ਰਿਸ਼ਤਿਆਂ ਜਾਂ ਘਰ ਵਿੱਚ ਵੀ ਜ਼ਿਆਦਾ ਤਾਕਤ ਅਤੇ ਪ੍ਰਤਿਸ਼ਠਾ ਹੋ ਸਕਦੀ ਹੈ।

## ਸਮਾਜਿਕ ਰਵੱਈਏ ਜੋ ਆਦਮੀ ਦੁਆਰਾ ਕੀਤੀ ਹਿੰਸਾ ਨੂੰ ਮਾਫ ਕਰ ਦਿੰਦੇ ਹਨ

ਇਹ ਸਮਾਜਿਕ ਕਦਰਾਂ ਸਾਡੇ ਸਮਾਜ ਵਿੱਚਲੇ ਖਿਆਲ ਹਨ ਜੋ ਆਦਮੀ ਦੇ ਹਿੰਸਕ ਹੋਣ ਨੂੰ ਸਵੀਕਾਰ ਕਰਦੇ ਹਨ। ਇਸ ਤਰ੍ਹਾਂ ਦੀਆਂ ਸਮਾਜਿਕ ਕਦਰਾਂ ਨੂੰ ਸਾਡੇ ਪੂਰੇ ਸਮਾਜ ਵਿੱਚ ਦੇਖਿਆ ਜਾ ਸਕਦਾ ਹੈ ਜਿਵੇਂ ਕਿ ਖੇਡਾਂ ਵਿੱਚ, ਮੀਡੀਆ ਵਿੱਚ, ਅਤੇ ਇਸ ਤਰ੍ਹਾਂ ਆਦਮੀਆਂ ਨੂੰ 'ਸਖਤ' ਅਤੇ 'ਤਾਕਤਵਰ' ਦੇ ਤੌਰ ਤੇ ਦੱਸਿਆ ਜਾਂਦਾ ਹੈ।

## ਡਾਢੀਆਂ ਲਿੰਗਕ ਭੂਮਿਕਾਵਾਂ ਅਤੇ ਰੂੜੀਵਾਦ

ਲਿੰਗਕ ਭੂਮਿਕਾਵਾਂ ਅਤੇ ਰੂੜੀਵਾਦ ਉਹ ਵਿਚਾਰ ਹਨ ਜਿਸ ਦਾ ਮਤਲਬ ਹੈ 'ਆਦਮੀ' ਅਤੇ 'ਔਰਤ' ਹੋਣਾ। ਇਸ ਵਿੱਚ ਆਦਮੀ ਅਤੇ ਔਰਤ ਲਈ ਕਿਹੜਾ ਵਿਹਾਰ ਉਚਿਤ ਹੈ ਮਿਸਾਲ ਵਜੋਂ, ਕੰਮ, ਘਰੇਲੂ ਭੂਮਿਕਾਵਾਂ, ਪਰਵਰਿਸ਼, ਮਨੋਰੰਜਨ ਅਤੇ ਕਪੜੇ ਦੇ ਸੰਬੰਧ ਵਿੱਚ।

ਇਹ ਅਹਿਮ ਕਾਰਕ ਉਨ੍ਹਾਂ ਵਿਸ਼ਵਾਸਾਂ ਅਤੇ ਕਾਰਵਾਈਆਂ ਦਾ ਸਮਰਥਨ ਕਰਦੇ ਹਨ ਜੋ ਔਰਤਾਂ ਨਾਲ ਉਨ੍ਹਾਂ ਦੇ ਰਿਸ਼ਤਿਆਂ ਵਿੱਚ ਘੱਟ ਇੱਜਤ ਅਤੇ ਪ੍ਰਤਿਸ਼ਠਾ ਨਾਲ ਵਿਹਾਰ ਕਰਨ ਵਿੱਚ ਮੁੱਖ ਭੂਮਿਕਾ ਨਿਭਾਉਂਦੇ ਹਨ।

ਹੋਰ ਕਾਰਕ ਜਿਵੇਂ ਕਿ ਗਰੀਬੀ, ਸ਼ਰਾਬ, ਬੱਚੇ ਦੇ ਤੌਰ ਤੇ ਹਿੰਸਾ ਦੇਖਣਾ ਜਾਂ ਹਿੰਸਕ ਦੋਸਤਾਂ ਦਾ ਹੋਣਾ ਔਰਤਾਂ ਵਿਰੁੱਧ ਹਿੰਸਾ ਦੇ ਕਾਰਕ ਹਨ। ਇਹ ਕਾਰਕ ਔਰਤਾਂ ਵਿਰੁੱਧ ਹਿੰਸਾ ਵਿੱਚ ਯੋਗਦਾਨ ਪਾ ਸਕਦੇ ਹਨ, ਪਰ ਇਸ ਦਾ ਕਾਰਨ ਨਹੀਂ ਹੁੰਦੇ।

**ਔਰਤਾਂ ਵਿਰੁੱਧ ਹਿੰਸਾ ਨੂੰ ਰੋਕਣ ਲਈ, ਸਾਡਾ ਲਿੰਗਕ ਅਸਮਾਨਤਾ ਵਲ ਧਿਆਨ ਦੇਣਾ ਜ਼ਰੂਰੀ ਹੈ।**

ਇਹ ਸਰੋਤ CHALLENGE Family Violence ਪ੍ਰੋਜੈਕਟ (ਪਰਿਵਾਰਕ ਹਿੰਸਾ ਨੂੰ ਚੁਣੌਤੀ ਦੇਣ ਦੇ ਪ੍ਰੋਜੈਕਟ) ਦੇ ਹਿੱਸੇ ਵਜੋਂ ਬਣਾਇਆ ਗਿਆ ਹੈ, ਜੋ ਕਿ City of Casey, Cardinia Shire Council, City of Greater Dandenong ਅਤੇ Monash Health ਵਿਚਕਾਰ ਭਾਗੀਦਾਰੀ ਹੈ। ਇਸ ਪ੍ਰੋਜੈਕਟ ਨੂੰ ਔਰਤਾਂ ਅਤੇ ਉਨ੍ਹਾਂ ਦੇ ਬੱਚਿਆਂ ਵਿਰੁੱਧ ਹਿੰਸਾ ਨੂੰ ਘਟਾਉਣ ਲਈ ਗ੍ਰਾਂਟਾਂ ਦੇ ਪ੍ਰੋਗਰਾਮ ਤੋਂ ਵਿੱਤੀ ਸਹਾਇਤਾ ਮਿਲੀ ਹੈ, ਜੋ ਕਿ Victorian Government's Community Crime Prevention Program (ਵਿਕਟੋਰੀਅਨ ਸਰਕਾਰ ਦਾ ਜ਼ੁਰਮ ਨੂੰ ਰੋਕਣ ਲਈ ਪ੍ਰੋਗਰਾਮ) ਦਾ ਹਿੱਸਾ ਹੈ – ਸਥਾਨਕ ਜ਼ੁਰਮ ਨੂੰ ਰੋਕਣ ਦੇ ਮੁੱਦਿਆਂ ਲਈ ਸਥਾਨਕ ਹੱਲ।